दैनिक सवेरा
अंधेरे से उजाले की ओर...
टाइम्स

# सीबीएसई नॉर्थ ज़ोन-2 शूटिंग चैंपियनशिप में ओमप्रकाश बांसल मॉडर्न स्कूल की छात्राओं का शानदार प्रदर्शन

सवेरा न्यूज/रामचेत

मण्डी गोबिंदगढ़, 6 अगस्तः ओम प्रकाश बंसल मॉडर्न स्कूल की छात्राओं ने सीबीएसई नॉर्थ जोन-॥ शूटिंग चैंपियनशिप (गर्ल्स) में शानदार प्रदर्शन करते हुए विद्यालय का नाम गौरवान्वित किया। यह प्रतियोगिता सैक्रेड सोल्स स्कूल, मोहाली में आयोजित हुई। प्रतियोगिता में अंडर-17 गर्ल्स एयर राइफल टीम स्पर्धा में खुशी खुल्लर, तनिमा अरोड़ा एवं तृषा शर्मा ने उत्कृष्ट निशानेबाजी का प्रदर्शन करते हुए स्वर्ण पदक जीता। वहीं अंडर-17 गर्ल्स एयर पिस्टल टीम स्पर्धा में योआना मोदी, पुनीत कौर गिल एवं सायरा बट्टा ने रजत पदक अपने नाम किया। इसके अतिरिक्त अंडर-14 गर्ल्स एयर राइफल टीम स्पर्धा में अनायत कौर, नितनेम कौर धूमी एवं जापलीन कौर ने भी शानदार प्रदर्शन करते हुए रजत पदक हासिल किया। विद्यालय की प्रधानाचार्या संगीता शर्मा ने कहा कि हमारी बेटियों ने जिस समर्पण, अनुशासन और आत्मविश्वास के साथ राष्ट्रीय स्तर की प्रतियोगिता में उत्कृष्ट प्रदर्शन किया है, वह अत्यंत प्रेरणादायक है। एक स्वर्ण और दो रजत पदक विद्यालय के लिए गर्व का विषय हैं।



**सीबीएसई नॉर्थ ज़ोन-2 शूटिंग चैंपियनशिप में शानदार प्रदर्शन करने वाली ओमप्रकाश बांसल मॉडर्न स्कूल की छात्राएं।**

Fri, 07 August 2026
epaper.dainiksaveratimes.in/c/80632597

SAT,08 AUGUST 2026
EDITION: FATEHGARH SAHIB BANI, PAGE NO. 1

ਜਗ ਬਾਣੀ
ਈ-ਪੇਪਰ

# ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ 'ਚ ਜਮਾਤ ਦੂਜੀ-ਬੀ ਦੀ ਵਿਸ਼ੇਸ਼ ਸਭਾ ਆਯੋਜਿਤ




*ਜਮਾਤ ਦੂਜੀ-ਬੀ ਲਈ ਆਯੋਜਿਤ ਵਿਸ਼ੇਸ਼ ਸਭਾ ਮੌਕੇ ਵਿਦਿਆਰਥੀ ਅਤੇ ਸਕੂਲ ਸਟਾਫ। (ਸੁਰੇਸ਼)*

ਮੰਡੀ ਗੋਬਿੰਦਗੜ੍ਹ, 7 ਅਗਸਤ (ਸੁਰੇਸ਼) -ਇਲਾਕੇ ਦੀ ਪ੍ਰਸਿੱਧ ਸਿੱਖਿਆ ਸੰਸਥਾ ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ, ਮੰਡੀ ਗੋਬਿੰਦਗੜ੍ਹ ਦੀ ਜਮਾਤ ਦੂਜੀ-ਬੀ ਦੇ ਵਿਦਿਆਰਥੀਆਂ ਵੱਲੋਂ 'ਗੂਗਲ ਵਰਸਿਜ਼ ਗ੍ਰੈਂਡਮਾ' ਵਿਸ਼ੇ 'ਤੇ ਇਕ ਪ੍ਰੇਰਣਾਦਾਇਕ ਅਤੇ ਭਾਵਪੂਰਣ ਵਿਸ਼ੇਸ਼ ਪ੍ਰਾਰਥਨਾ ਸਭਾ ਪੇਸ਼ ਕੀਤੀ ਗਈ। ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਤਕਨਾਲੋਜੀ ਦੇ ਨਾਲ-ਨਾਲ ਪਰਿਵਾਰਕ ਸੰਸਕਾਰਾਂ, ਵੱਡਿਆਂ ਦੇ ਸਤਿਕਾਰ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਮਹੱਤਵ ਨਾਲ ਜਾਣੂ ਕਰਵਾਉਣਾ ਸੀ। ਇਸ ਪ੍ਰੋਗਰਾਮ 'ਚ ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਭਾਸ਼ਣ, ਦਿਲਚਸਪ ਨਾਟਿਕਾ, ਭਾਵਪੂਰਣ ਕਵਿਤਾਵਾਂ ਅਤੇ ਆਕਰਸ਼ਕ ਪੇਸ਼ਕਾਰੀਆਂ ਰਾਹੀਂ ਇਹ ਸੰਦੇਸ਼ ਦਿੱਤਾ ਕਿ ਗੂਗਲ ਸਾਨੂੰ ਜਾਣਕਾਰੀ ਦੇ ਸਕਦਾ ਹੈ, ਪਰ ਦਾਦਾ-ਦਾਦੀ ਅਤੇ ਨਾਨਾ-ਨਾਨੀ ਦਾ ਤਜਰਬਾ, ਪਿਆਰ, ਸਬਰ ਅਤੇ ਜੀਵਨ ਦੀ ਸਿੱਖਿਆ ਅਨਮੋਲ ਹੁੰਦੀ ਹੈ।

ਸਕੂਲ ਪ੍ਰਬੰਧਕਾਂ ਨੇ ਵੀ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਇਸ ਸਫਲ ਆਯੋਜਨ ਲਈ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਨੈਤਿਕ ਕਦਰਾਂ-ਕੀਮਤਾਂ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

## ਸਕੂਲ ਦੀਆਂ ਵਿਦਿਆਰਥਣਾਂ ਦਾ ਸੀ.ਬੀ.ਐੱਸ.ਈ. ਨਾਰਥ ਜ਼ੋਨ-2 ਸ਼ੂਟਿੰਗ ਚੈਂਪੀਅਨਸ਼ਿਪ ਵਿਚ ਸ਼ਾਨਦਾਰ ਪ੍ਰਦਰਸ਼ਨ

ਮੰਡੀ ਗੋਬਿੰਦਗੜ੍ਹ, (ਸੁਰੇਸ਼) -ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ, ਮੰਡੀ ਗੋਬਿੰਦਗੜ੍ਹ ਦੀਆਂ ਵਿਦਿਆਰਥਣਾਂ ਨੇ ਸੀ.ਬੀ.ਐੱਸ.ਈ. ਨਾਰਥ ਜ਼ੋਨ-2 ਸ਼ੂਟਿੰਗ ਚੈਂਪੀਅਨਸ਼ਿਪ (ਗਰਲਜ਼) ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੋਸ਼ਨ ਕੀਤਾ। ਇਹ ਮੁਕਾਬਲਾ ਸੇਕਰਡ ਸੋਲਜ਼ ਸਕੂਲ, ਮੋਹਾਲੀ ਵਿਚ ਕਰਵਾਇਆ ਗਿਆ, ਜਿਸ ਵਿਚ ਅੰਡਰ-17 ਗਰਲਜ਼ ਏਅਰ ਰਾਈਫਲ ਟੀਮ ਮੁਕਾਬਲੇ ਵਿਚ ਖੁਸ਼ੀ ਖੁੱਲਰ, ਤਨਿਮਾ ਅਰੋੜਾ ਅਤੇ ਤ੍ਰਿਸ਼ਾ ਸ਼ਰਮਾ ਨੇ ਸ਼ਾਨਦਾਰ ਨਿਸ਼ਾਨੇਬਾਜ਼ੀ ਦਾ ਪ੍ਰਦਰਸ਼ਨ ਕਰਦਿਆਂ ਸੋਨ ਤਗਮਾ ਜਿੱਤਿਆ।

ਇਸੇ ਤਰ੍ਹਾਂ ਅੰਡਰ-17 ਗਰਲਜ਼ ਏਅਰ ਪਿਸਟਲ ਟੀਮ ਮੁਕਾਬਲੇ ਵਿਚ ਯੋਆਨਾ ਮੋਦੀ, ਪੁਨੀਤ ਕੌਰ ਗਿੱਲ ਅਤੇ ਸਾਇਰਾ ਬੱਟਾ ਨੇ ਚਾਂਦੀ ਦਾ ਤਮਗਾ ਆਪਣੇ ਨਾਮ ਕੀਤਾ। ਇਸ ਤੋਂ ਇਲਾਵਾ ਅੰਡਰ-14 ਗਰਲਜ਼ ਏਅਰ ਰਾਈਫਲ ਟੀਮ ਮੁਕਾਬਲੇ ਵਿਚ ਅਨਾਇਤ ਕੌਰ, ਨਿਤਨੇਮ ਕੌਰ ਧੂਮੀ ਅਤੇ ਜਾਪਲੀਨ ਕੌਰ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਂਦੀ ਦਾ ਤਗਮਾ ਹਾਸਲ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਬੇਟੀਆਂ ਨੇ ਜਿਸ ਸਮਰਪਣ, ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਨਾਲ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।



*ਸ਼ੂਟਿੰਗ ਚੈਂਪੀਅਨਸ਼ਿਪ ਵਿਚ ਜੇਤੂ ਵਿਦਿਆਰਥਣਾਂ ਆਪਣੇ ਤਗਮੇ ਦਿਖਾਉਂਦੀਆਂ ਹੋਈਆਂ, ਨਾਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਅਤੇ ਹੋਰ। (ਸੁਰੇਸ਼)*

# ਸੀਬੀਐਸਈ ਨੌਰਥ ਜ਼ੋਨ-99 ਸ਼ੂਟਿੰਗ ਚੈਂਪੀਅਨਸ਼ਿਪ ਵਿਚ ਓਮ ਪ੍ਰਕਾਸ਼ ਬਾਂਸਲ ਸਕੂਲ ਦੀਆਂ ਵਿਦਿਆਰਥਣਾਂ ਦਾ ਸ਼ਾਨਦਾਰ ਪ੍ਰਦਰਸ਼ਨ



ਜੇਤੂ ਵਿਦਿਆਰਥਣਾਂ ਨਾਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਅਤੇ ਹੋਰ।

ਮੰਡੀ ਗੋਬਿੰਦਗੜ੍ਹ, 7 ਅਗੱਸਤ (ਸਵਰਨਜੀਤ ਸਿੰਘ ਸੇਠੀ) : ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਦੀਆਂ ਵਿਦਿਆਰਥਣਾਂ ਨੇ ਸੀ.ਬੀ.ਐਸ.ਈ. ਨੌਰਥ ਜ਼ੋਨ-99 ਸ਼ੂਟਿੰਗ ਚੈਂਪੀਅਨਸ਼ਿਪ (ਲੜਕੀਆਂ) ਵਿਚ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਦਾ ਨਾਮ ਰੌਸ਼ਨ ਕੀਤਾ। ਇਹ ਮੁਕਾਬਲਾ ਸੇਕਰਡ ਸੋਲਸ ਸਕੂਲ ਮੋਹਾਲੀ ਵਿਖੇ ਹੋਇਆ ਜਿਸ ਦੌਰਾਨ ਖ਼ੁਸ਼ੀ ਖੁੱਲਰ, ਤਨੀਮਾ ਅਰੋੜਾ ਤੇ ਕ੍ਰਿਸ਼ਾ ਸ਼ਰਮਾ ਨੇ ਅੰਡਰ-17 ਗਰਲਜ਼ ਏਅਰ ਰਾਈਫਲ ਟੀਮ ਈਵੈਂਟ ਵਿਚ ਸੋਨ ਤਮਗਾ ਹਾਸਲ ਕੀਤਾ, ਜਦਕਿ ਯੋਆਨਾ ਮੋਦੀ, ਪੁਨੀਤ ਕੌਰ ਗਿੱਲ ਅਤੇ ਸਾਇਰਾ ਬੱਟਾ ਨੇ ਅੰਡਰ-17 ਗਰਲਜ਼ ਏਅਰ ਪਿਸਟਲ ਟੀਮ ਈਵੈਂਟ ਵਿਚ ਚਾਂਦੀ ਅਤੇ ਅਨਾਇਤ ਕੌਰ, ਨਿਤਨੇਮ ਕੌਰ ਧੂਮੀ ਅਤੇ ਜਪਲੀਨ ਕੌਰ ਨੇ ਵੀ ਅੰਡਰ-14 ਗਰਲਜ਼ ਏਅਰ ਰਾਈਫਲ ਟੀਮ ਈਵੈਂਟ ਵਿਚ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ। ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਖ਼ੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿਚ ਸਾਡੀਆਂ ਵਿਦਿਆਰਥਣਾਂ ਨੇ ਜਿਸ ਸਮਰਪਣ, ਅਨੁਸ਼ਾਸਨ ਅਤੇ ਵਿਸ਼ਵਾਸ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ ਉਹ ਸੱਚਮੁੱਚ ਪ੍ਰੇਰਨਾਦਾਇਕ ਹੈ। ਉਨ੍ਹਾਂ ਜੇਤੂ, ਉਨ੍ਹਾਂ ਦੇ ਮਾਪਿਆਂ ਅਤੇ ਕੋਚਾਂ ਨੂੰ ਵਧਾਈ ਦਿੰਦਿਆ ਆਸ ਕੀਤੀ ਕਿ ਸਾਡੇ ਵਿਦਿਆਰਥੀ ਭਵਿੱਖ ਵਿਚ ਵੀ ਇਸੇ ਤਰ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਸਕੂਲ ਪ੍ਰਬੰਧਨ ਨੇ ਵੀ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿਤੀ।

ਰੋਜ਼ਾਨਾ ਸਪੋਕਸਮੈਨ
RozanaSpokesman.com